


# ਆਉ ਟੁੱਟ ਰਹੀਆਂ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਕਰੀਏ

ਆਪਣੇ ਪਿਆਰੇ ਨੂੰ ਮਿਲਣ ਦੀ ਤਾਂਘ ਕਿਸ ਨੂੰ ਨਹੀਂ ਹੁੰਦੀ। ਮਿਲਣ ਦੀ ਤਾਂਘ ਹੋਵੇ ਤਾਂ ਮਿਲਣ ਦਾ ਕੋਈ ਨਾ ਕੋਈ ਸਬੱਬ ਬਣ ਹੀ ਜਾਂਦਾ ਹੈ। ਬੱਸ ਪ੍ਰੀਤ ਸੱਚੀ ਚਾਹੀਦੀ ਹੈ ਜਿਹੋ ਜਿਹੀ ਪ੍ਰੀਤ ਮੱਛੀ ਦੀ ਪਾਣੀ ਨਾਲ ਹੈ। ਪਾਣੀ ਤੋਂ ਬਾਹਰ ਨਿਕਲ ਕੇ ਮੱਛੀ ਤੜਫਦੀ ਹੈ ਤੇ ਪਾਣੀ ਤੋਂ ਬਿਨਾਂ ਮਰ ਹੀ ਜਾਂਦੀ ਹੈ। ਮਰੀ ਹੋਈ ਟੁਕੜਿਆਂ ਵਿਚ ਕੱਟੀ ਜਾਂਦੀ ਹੈ, ਅੱਗ ਵਿੱਚ ਮੱਚਦੀ ਹੈ ਕਿਸੇ ਦਾ ਭੋਜਨ ਬਣਦੀ ਹੈ ਤੇ ਕਿਸੇ ਦੇ ਪੇਟ ਵਿਚ ਜਾ ਕੇ ਵੀ ਪਾਣੀ ਹੀ ਮੰਗਦੀ ਹੈ। ਮਰ ਜਾਣ ਤੋਂ ਬਾਅਦ, ਬਲ ਜਾਣ ਤੋਂ ਬਾਅਦ, ਟੁਕੜੇ-ਟੁਕੜੇ ਹੋਣ ਤੋਂ ਬਾਅਦ ਵੀ ਉਸ ਦਾ ਪਾਣੀ ਨਾਲ ਮੋਹ ਘਟਦਾ ਨਹੀਂ ਹੈ। ਅਜਿਹਾ ਮੋਹ ਹੋਵੇ ਤਾਂ ਆਪਣੇ ਪਿਆਰੇ ਦੀ ਪ੍ਰਾਪਤੀ ਹੋ ਹੀ ਜਾਂਦੀ ਹੈ। ਫੇਰ ਅਜਿਹੇ ਬਹਾਨੇ ਨਹੀਂ ਲਾਉਣੇ ਪੈਂਦੇ ਕਿ 'ਬੇਰੀਆਂ ਦੇ ਬੇਰ ਮੁੱਕ ਗਏ, ਹੁਣ ਕਿਹੜੇ ਮੈਂ ਬਹਾਨੇ ਆਵਾਂ'। ਜਿਨਾਂ ਨੇ ਕਿਸੇ ਲਈ ਆਪਣਾ ਆਪ ਸਮਰਪਿਤ ਕਰ ਦਿੱਤਾ ਉਨ੍ਹਾਂ ਦੀਆਂ ਬੇਰੀਆਂ ਤਾਂ 12 ਮਹੀਨੇ ਹਰੀਆਂ ਹੀ ਰਹਿੰਦੀਆਂ ਹਨ। ਉਹ ਆਪਣੇ ਪਿਆਰੇ ਵੱਲ ਇਕ ਕਦਮ ਵਧਾਉਣ, ਉਨ੍ਹਾਂ ਦਾ ਪਿਆਰ ਦਸ ਕਦਮ ਉਨ੍ਹਾਂ ਵੱਲ ਖਿੱਚਿਆ ਆਵੇਗਾ। ਬੱਸ! ਦਿਲ ਦੀ ਖਿੱਚ ਦੋਵੇਂ ਪਾਸੇ ਇਕੋ ਜਿਹੀ ਹੋਵੇ। ਕਿਸੇ ਸਵਾਰਥ ਵੱਸ ਜਾਂ ਵਿਖਾਵੇ ਲਈ ਕੀਤਾ ਮੋਹ ਕਦੇ ਦਿਲ ਨੂੰ ਖੁਸ਼ੀ ਨਹੀਂ ਦੇ ਸਕਦਾ।

ਅੱਜ ਕੱਲ ਮੋਹ ਪਿਆਰ ਦੇ ਨਾਮ ਤੇ ਕਿਸੇ ਨੂੰ ਵੱਸ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਬਹੁਤ ਲੋਕ ਵੱਸ ਕਰਨ ਦੇ ਉਸ ਤਰੀਕੇ ਨੂੰ ਪਿਆਰ ਸਮਝੇ ਹਨ ਤਾਹੀਓਂ ਤਾਂ ਸਾਰੀ ਉਮਰ ਨਿਭਣ ਵਾਲੇ ਰਿਸ਼ਤੇ ਪਲ ਵਿਚ ਤੜਕ ਕਰ ਕੇ ਟੁੱਟ ਜਾਂਦੇ ਹਨ। ਸਵਰਗਵਾਸੀ ਲੋਕ ਗਾਇਕ ਸੁਰਜੀਤ ਬਿੰਦਰਖੀਆ ਦੀਆਂ ਗਾਈਆਂ ਸਤਰਾਂ ਚੇਤੇ ਆਉਂਦੀਆਂ ਹਨ 'ਕੱਚੇ ਤੰਦਾਂ ਦੀਆਂ ਅੱਜ ਕੱਲ• ਯਾਰੀਆਂ' ਯਾਰੀ ਸ਼ਬਦ ਦੀ ਵਫ਼ਾਦਾਰੀ ਦਾ, ਨਿਭਾਉਣ ਦਾ, ਅਟੁੱਟ ਰਿਸ਼ਤੇ ਦਾ। ਲੋਕ ਯਾਰੀਆਂ ਦੀ ਖਾਤਰ ਆਪਣੀਆਂ ਜਾਨਾਂ ਵਾਰ ਦਿੰਦੇ ਸਨ ਸਹਿਜ ਸੁਭਾਅ ਹੀ ਪੰਜਾਬੀ ਜ਼ੁਬਾਨ 'ਚੋਂ ਨਿਕਲਦਾ ਸੀ 'ਯਾਰ ਦੀ ਜਿੰਦੜੀ ਤੋਂ ਮੈਂ ਸੋ-ਸੋ ਜਾਨਾਂ ਵਾਰਾਂ'। ਲੋਕ ਬੋਲੀਆਂ ਵਿਚ ਯਾਰੀ ਦਾ ਜ਼ਿਕਰ ਆਉਂਦਾ ਹੈ 'ਯਾਰੀ ਜੱਟ ਦੀ ਤੂਤ ਦਾ ਮੋਛਾ, ਕਦੇ ਨਾ ਵਿਚਾਲੋਂ ਟੁਟਦੀ।' ਪਰ ਅੱਜ ਯਾਰਾਂ ਦੀਆਂ ਯਾਰੀਆਂ, ਵਫ਼ਾਦਾਰੀਆਂ ਮਾੜੀ ਜਿਹੀ ਗੱਲ ਤੇ ਤੜੱਕ ਕਰ ਕੇ ਟੁੱਟ ਜਾਂਦੀਆਂ ਹਨ।

ਹੋਰ ਤਾਂ ਹੋਰ ਸਭ ਤੋਂ ਪਵਿੱਤਰ ਤੇ ਅਟੁੱਟ ਰਿਸ਼ਤਾ ਭੈਣ-ਭਰਾ ਦੇ ਰਿਸ਼ਤੇ ਦੀਆਂ ਤੰਦਾਂ ਵੀ ਅੱਜ ਕੱਚੀਆਂ ਹੋ ਗਈਆਂ ਹਨ। ਪੰਜਾਬੀ ਲੋਕ ਟੱਪਾਂ ਭੈਣ-ਭਰਾ ਦੇ ਰਿਸ਼ਤੇ ਦੀ ਹਾਮੀ ਭਰਦਾ ਸੀ ਕਿ 'ਭੈਣ ਵਰਗਾ ਸਾਕ ਨਾ ਕੋਈ ਟੁੱਟ ਕੇ ਨਾ ਬਹਿ ਜਾਈਂ ਵੀਰਨਾ' ਪਰ ਪੈਸੇ ਦੀ ਅੰਨੀ ਦੌੜ ਤੇ ਸਵਾਰਥ ਨੇ ਇਸ ਪਾਕ-ਪਵਿੱਤਰ ਰਿਸ਼ਤੇ ਦੀ ਡੋਰ ਨੂੰ ਵੀ ਟੱਕ ਲਾ ਦਿੱਤਾ ਹੈ। ਥੋੜ੍ਹੇ ਜਿਹੇ ਸਵਾਰਥ ਕਾਰਨ ਹੀ ਬਚਪਨ ਦਾ ਪਿਆਰ ਪਲ ਵਿਚ ਖੇਰੂੰ-ਖੇਰੂੰ ਕਰ ਦਿੱਤਾ ਜਾਂਦਾ ਹੈ। ਜਿਹੜੇ ਭੈਣ-ਭਰਾ ਨਿੱਕੇ ਹੁੰਦਿਆਂ ਇਕ ਦੂਜੇ ਬਿਨਾਂ ਸਾਹ ਨਹੀਂ ਲੈਂਦੇ। 20-25 ਸਾਲ ਤੱਕ ਹਰ ਕੰਮ ਵਿਚ ਇਕ-ਦੂਜੇ ਦੇ ਸਹਾਈ ਹੁੰਦੇ ਹਨ ਉਹ ਜ਼ਰਾ ਜਿੰਨੀ ਗੱਲ ਕਾਰਨ ਜਾਂ ਛੋਟੀਆਂ ਮੋਟੀਆਂ ਗਲਤ ਫਹਿਮੀਆਂ ਕਾਰਨ ਇਕ ਦੂਜੇ ਤੋਂ ਇੰਨੇ ਦੂਰ ਹੋ ਜਾਂਦੇ ਹਨ, ਉਨ੍ਹਾਂ ਵਿਚ ਇੰਨੀ ਨਫ਼ਰਤ ਪੈਦਾ ਹੋ ਜਾਂਦੀ ਹੈ ਕਿ ਉਹ ਇਕ-ਦੂਜੇ ਨਾਲ ਗੱਲ ਕਰਨਾ ਵੀ ਪੰਸਦ ਨਹੀਂ ਕਰਦੇ। ਜ਼ਮੀਨਾਂ-ਜਾਇਦਾਦਾਂ ਪਿੱਛੇ ਭੈਣ-ਭਰਾ ਵਿਚ ਫਿੱਕ ਪੈ ਜਾਣਾ ਤਾਂ ਮਾਮੂਲੀ ਗੱਲ ਹੀ ਹੋ ਗਈ ਹੈ। ਕੋਈ ਸਮਾਂ ਸੀ ਜਦੋਂ ਭੈਣ ਆਪਣੇ ਵੀਰ ਦੇ ਮੂੰਹੋਂ ਨਿਕਲੇ ਲਫਜ਼-ਲਫ਼ਜ਼ ਦੀ ਕਦਰ ਕਰਦੀ ਸੀ ਉਸ ਦੇ ਹਰ ਅਰਮਾਣ ਪੂਰੇ ਕਰਦੀ ਸੀ ਵੀਰ ਜੋ ਮੰਗੇ ਉਸ ਤੋਂ ਵੱਧ ਲਿਆ ਕੇ ਮੂਹਰੇ ਧਰਦੀ ਸੀ ਜਿਸ ਦੀ ਹਾਮੀ ਇਹ ਲੋਕ ਬੋਲੀ ਵੀ ਭਰਦੀ ਹੈ।

**ਜੇ ਵੀਰ ਮੰਗੇ ਪਾਣੀ ਸਈਓਂ, ਬੂਰੀ ਮੱਝ ਚੁਆਵਾਂ,**
**ਜੇ ਵੀਰ ਮੰਗੇ ਰੋਟੀ ਅੜੀਓ, ਗਰੀ-ਛੁਹਾਰਾ ਖੁਆਵਾਂ।**

ਅੱਜ ਦੀਆਂ ਭੈਣਾਂ ਤਾਂ ਮਾੜੀ ਜਿਹੀ ਗੱਲ ਤੋਂ ਮੂੰਹ ਵੱਟ ਲੈਂਦੀਆਂ ਹਨ ਤੇ ਆਪਣੇ ਵੀਰ ਨੂੰ ਪਾਣੀ ਦਾ ਗਲਾਸ ਨਹੀਂ ਫੜਾਉਂਦੀਆਂ। ਓਧਰ ਭਰਾ, ਭਰਾ ਵੀ ਪੈਸੇ ਪਿੱਛੇ ਆਪਸ ਵਿਚ ਢਹਿ-ਢਹਿ ਮਰਦੇ ਹਨ। ਪੈਸੇ ਪਿੱਛੇ ਆਪਣਾ ਭਰਾ ਦਾ ਕਤਲ ਕਰ ਦੇਣ ਦੀਆਂ ਖ਼ਬਰਾਂ ਤਾਂ ਆਮ ਹੀ ਅਖ਼ਬਾਰ ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਵਿਦੇਸ਼ਾਂ ਵਿਚ ਜਾਣ ਦੀ ਇਸ ਅੰਨ੍ਹੀ ਦੌੜ ਨੇ ਤਾਂ ਮੋਹ ਪਿਆਰ ਦੀਆਂ ਤੰਦਾਂ ਹੋਰ ਵੀ ਬੋਡੀਆਂ ਕਰ ਦਿੱਤੀਆਂ ਹਨ। ਵਿਦੇਸ਼ ਜਾਣ ਦੀ ਖਾਤਰ ਗਲਤ-ਮਲਤ ਰਿਸ਼ਤੇ ਕਰਨੇ, ਰਿਸ਼ਤੇ ਲਈ ਨਾ ਮੰਨਣ ਕਾਰਨ ਫਿਕ ਪੈ ਜਾਣਾ, ਵਿਦੇਸ਼ ਗਏ ਭੈਣ-ਭਰਾ ਦੀ ਜ਼ਮੀਨ ਹੜੱਪ ਜਾਣੀ, ਕਰਜ਼ੇ ਚੁੱਕ ਕੇ ਬਾਹਰ ਭੇਜੇ ਭੈਣ-ਭਰਾ ਨੇ ਮਗਰੋਂ ਇਧਰਲਿਆਂ ਦੀ ਸਾਰ ਨਾ ਲੈਣੀ ਆਦਿ ਗੱਲਾਂ ਤਾਂ ਹੁਣ ਅਸਲੀਅਤ ਦੇ ਨਾਲ-ਨਾਲ ਫ਼ਿਲਮਾਂ ਦਾ ਵਿਸ਼ਾ ਵੀ ਬਣਨ ਲੱਗੀਆਂ ਹਨ। ਮੋਹ ਪਿਆਰ ਦੇ ਇਨ੍ਹਾਂ ਰਿਸ਼ਤਿਆਂ ਦੀਆਂ ਤੰਦਾਂ ਦਿਨ ਪ੍ਰਤੀ ਦਿਨ ਕੱਚੀਆਂ ਹੀ ਹੁੰਦੀਆਂ ਜਾ ਰਹੀਆਂ ਹਨ। ਸੋਹਣੇ ਪੰਜਾਬ ਦੇ ਆਪਸੀ ਭਾਈਚਾਰੇ ਤੇ ਮਿਲਵਰਤਨ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਜਿਨਾਂ ਪੰਜਾਬੀਆਂ ਨੂੰ ਦਿਲਵਾਲੇ, ਕਦਰਦਾਨ, ਵਫ਼ਾਦਾਰ, ਪਿਆਰ ਤੇ ਅਪਨੇਪਣ ਲਈ ਸਮਰਪਿਤ ਹੋਣ ਵਾਲੇ ਸਮਝਿਆ ਜਾਂਦਾ ਸੀ। ਬਹੁਤ ਸਾਰੇ ਉਹ ਪੰਜਾਬੀ ਮਰੀਆਂ ਰੂਹਾਂ ਬਣੇ ਹੋਏ ਤੁਰੇ ਫਿਰਦੇ ਹਨ ਉਨ੍ਹਾਂ ਨੂੰ ਕਿਸੇ ਦੀਆਂ ਭਾਵਨਾਵਾਂ ਨਾਲ ਕੋਈ ਮਤਲਬ ਨਹੀਂ, ਉਨ੍ਹਾਂ ਲਈ ਕਿਸੇ ਦੇ ਪਿਆਰ ਦਾ ਕੋਈ ਮੁੱਲ ਨਹੀਂ ਰਿਹਾ, ਕੋਈ ਆਪਣਾ ਪਣ ਨਹੀਂ, ਕਿਸੇ ਰਿਸ਼ਤੇ ਨਾਤੇ ਦੀ ਸੂਝ-ਬੂਝ ਨਹੀਂ ਰਹੀ। ਬੱਸ ਆਪਣੇ ਹੀ ਹਉਮੈ ਵਿਚ, ਆਪਣੇ ਹੀ ਸਵਾਰਥ ਨੂੰ ਦੇਖਦੇ ਹੋਏ ਸਿਰਫ਼ ਆਪਣੀ ਹੀ ਖੁਸ਼ੀ ਦਾ ਖਿਆਲ ਰੱਖਦੇ ਹਨ ਦੂਸਰਿਆਂ ਦੀਆਂ ਭਾਵਨਾਵਾਂ ਦਾ, ਦੂਸਰਿਆਂ ਦੀਆਂ ਸਧਰਾਂ ਦਾ ਉਨ੍ਹਾਂ ਨੂੰ ਕੋਈ ਮਤਲਬ ਨਹੀਂ। ਟੁੱਟ ਰਹੇ ਇਸ ਮੋਹ ਭਰੇ ਰਿਸ਼ਤਿਆਂ ਨੂੰ ਬਚਾਉਣ ਲਈ ਕੀ ਕੀਤਾ ਜਾਵੇ...?

ਬੱਸ! ਪ੍ਰਮਾਤਮਾ ਅਗੇ ਅਰਦਾਸ ਹੀ ਕਰ ਸਕਦੇ ਹਾਂ ਕਿ ਹੇ ਪ੍ਰਮਾਤਮਾ ਸਾਨੂੰ ਸਾਰੇ ਭੈਣਾਂ-ਭਰਾਵਾਂ ਨੂੰ ਇੰਨੀ ਸੁਮੱਤ ਬਖਸ਼ ਕਿ ਅਸੀਂ ਗਲਤ-ਫਹਿਮੀਆਂ ਤੇ ਸਵਾਰਥ ਦਾ ਸ਼ਿਕਾਰ ਨਾ ਹੋਈਏ ਸਗੋਂ ਟੁੱਟ ਰਹੀਆਂ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਕਰੀਏ...।

ਪੰਜਾਬੀ ਸੱਭਿਆਚਾਰ ਨੂੰ ਸਮਰਪਿਤ...



## ਪੰਜ ਸਵਾਲ ...?

1. ਇਕ ਲੋਕ ਬੋਲੀ ਹੈ ਰਾਏਪੁਰ ਗੁਜਰਵਾਲ ਨੀ ਦਰਵਾਜਾ ਹੈਨੀ, ਇਸ ਦਰਵਾਜੇ ਤੋਂ ਕੀ ਭਾਵ ਹੈ।
2. ਸ਼ਾਮ ਦੇ ਟਾਇਮ ਨੂੰ ਹੋਰ ਕਿਹੜੇ-ਕਿਹੜੇ ਪੰਜ ਨਾਮ ਹਨ।
3. ਕੰਨਾ ਵਿਚ ਪਾਏ ਜਾਣ ਵਾਲੇ ਪੰਜ ਪੁਰਾਤਣ ਗਹਿਣੇ ਕਿਹੜੇ-ਕਿਹੜੇ ਹਨ।
4. ਚਨੂਰਾ ਕੀ ਹੁੰਦਾ ਹੈ।
5. ਦੇਸੀ ਸਾਲ ਕਿਹੜੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ।



## ਪਿਛਲੇ ਅੰਕ ਵਿੱਚ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ

1. ਬਲਦਾਂ ਦੀ ਦੌੜ ਵੇਲੇ ਜਿਸ ਅੱਗੇ ਬਲਦ ਜੋੜੇ ਜਾਂਦੇ ਹਨ ਉਸ ਨੂੰ ਕੀ ਕਹਿੰਦੇ ਹਨ ?
ਉੱਤਰ – ਠੋਕਰ

2. ਬੱਕਲੀਆਂ ਜਾਂ ਛੋਲੇ ਕਿਸ ਚੀਜ਼ ਵਿਚ ਕੁੱਟੇ ਜਾਂਦੇ ਹਨ ?
ਉੱਤਰ – ਊਖਲੀ ਵਿੱਚ

3. ਟਾਂਗੇ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?
ਉੱਤਰ – 'ਯੱਕੇ' ਨਾਲ

4. ਸਾਗ ਤੋੜਦੀ ਮੁਰੱਬਿਆਂ ਵਾਲੀ ਵਿਚ ਮੁਰੱਬਿਆਂ ਤੋਂ ਕੀ ਭਾਵ ਹੈ ?
ਉੱਤਰ – ਮੁਰੱਬਿਆ ਤੋਂ ਭਾਵ ਹੈ ਕਿੱਲਿਆ ਵਾਲੀ


5. ਮੁਹਾਰ ਕੀ ਹੁੰਦੀ ਹੈ ?
ਉੱਤਰ – ਊਠ ਨੂੰ ਮੋੜਨ ਵਾਲਾ ਰੱਸਾ



ਪਿਆਰੇ ਪਾਠਕੋ,
ਸਾਨੂੰ ਪੰਜ ਸਵਾਲਾ ਦੇ ਜਵਾਬ ਲਿਖਤੀ ਰੂਪ ਵਿੱਚ ਭੇਜੋ। ਸਹੀ ਜਵਾਬ ਭੇਜਣ ਵਾਲੇ ਸਾਰੇ ਹੀ ਪਾਠਕਾ ਨੂੰ 'ਮਹਿਕ ਵਤਨ ਦੀ' ਵੱਲੋਂ ਸਨਮਾਣ ਪੱਤਰ ਭੇਜੇ ਜਾਦੇ ਹਨ। ਜੇਕਰ ਸਹੀ ਜਵਾਬ ਭੇਜਣ ਵਾਲੇ ਕਿਸੇ ਪਾਠਕ ਨੂੰ ਉਸ ਦਾ ਸਨਮਾਣ ਪੱਤਰ ਨਹੀ ਮਿਲਦਾ ਦਾ ਉਹ 'ਮਹਿਕ ਵਤਨ ਦੀ' ਪੇਪਰ ਦੇ ਦਫਤਰ ਤੇ ਆਪਣਾ ਸਨਮਾਣ ਪੱਤਰ ਹਾਸਿਲ ਕਰ ਸਕਦਾ ਹੈ ।

**ਪੰਜ ਸਵਾਲ ਪ੍ਰਤੀਯੋਗਤਾ ਵਾਸਤੇ ਜਵਾਬ ਭੇਜਣ ਲਈ ਪਤਾ:**

**'ਮਹਿਕ ਵਤਨ ਦੀ ਲਾਈਵ' 1195, ਅਜੀਤ ਨਗਰ ਮੋਗਾ – 142 001 (ਪੰਜਾਬ)**
**ਈ-ਮੇਲ: mehakwattandi@rediffmail.com ਹੈਲਪ ਲਾਈਨ: 9988 92 9988**




## ਇਸ ਅੰਕ ਦੀ ਵਿਸ਼ੇਸ਼ ਫੋਟੋ

ਉਤਰਾਖੰਡ ਵਿਚ ਪੈਦਾ ਹੋਈ ਤਕਰੀਬਨ 40 ਕਿਲੋ ਦੀ ਮੂਲੀ ਜਿਸ ਨੂੰ ਇਕ ਆਦਮੀ ਬੜੀ ਮੁਸ਼ਕਲ ਨਾਲ ਆਪਣੀ ਢੂਈ ਤੇ ਰੱਖ ਕੇ ਲਿਜਾ ਰਿਹਾ ਹੈ।





ਮਿੰਨੀ ਕਹਾਣੀ ਸੰਗ੍ਰਿਹ
ਮਣਕੇ
ਕੀਮਤ 120
ਮਹਿਕ ਵਤਨ ਦੀ ਲਾਈਵ
ਪੇਪਰ ਦੇ ਪਾਠਕਾ ਲਈ
ਇਹ ਪੁਸਤਕ ਸਿਰਫ
ਸਿਰਫ 60/- ਰੁਪਏ
ਪੁਸਤਕ ਮੰਗਵਾਉਣ ਲਈ ਸੰਪਰਕ ਕਰੋ
Mob. (+91) 9988 92 9988


## ਜ਼ਰਾ ਇੱਧਰ ਵੀ...

komalartgallery@gmail.com




ਵਈ ਅਸੀਂ ਤਾਂ ਆਪਣੀ ਪੰਜਾਬੀ ਮਾਂ ਬੋਲੀ ਲਈ ਵਰਤ ਰੱਖਿਆ, ਸ਼ਾਲਾ ਇਸ ਦੀ ਲੰਮੀ ਉਮਰ ਹੋਵੇ।